# ਆਪਣਾ ਕਾਰੋਬਾਰ ਸ਼ੁਰੂ ਕਰਨ ਸਮੇਂ ਧਿਆਨ ਵਿੱਚ ਰੱਖਣ ਵਾਲੀਆਂ ਗੱਲਾਂ

ਕਾਰੋਬਾਰੀ ਲੋਕਾਂ ਨੇ ਹਮੇਸ਼ਾਂ ਹੀ ਆਪਣੇ ਵਿਚਾਰਾਂ ਨੂੰ ਵਸਤਾਂ ਅਤੇ ਸੇਵਾਵਾਂ ਵਿੱਚ ਤਬਦੀਲ ਕੀਤਾ ਹੈ। ਉਹਨਾਂ ਨੇ ਖਪਤਕਾਰਾਂ (ਕੰਨਸਿਊਮਰਜ਼) ਦੀਆਂ ਲੋੜਾਂ ਅਤੇ ਚਾਹਤਾਂ ਦੀ ਪੂਰਤੀ ਕੀਤੀ ਹੈ ਅਤੇ ਉਸ ਹੀ ਸਮੇਂ ਆਪਣੇ ਲਈ ਫਾਇਦੇਮੰਦ ਪੇਸ਼ੇ ਸਥਾਪਤ ਕੀਤੇ ਹਨ।

## ਆਪਣਾ ਮਾਲਕ ਖੁਦ ਬਣਨਾ

ਬਹੁਤੇ ਲੋਕ ਛੋਟਾ ਕਾਰੋਬਾਰ ਇਸ ਲਈ ਸ਼ੁਰੂ ਕਰਦੇ ਹਨ ਤਾਂ ਕਿ ਉਹ ਇਸ ਨਾਲ ਜੁੜੀ ਕਾਲਪਨਿਕ ਅਜ਼ਾਦੀ ਅਤੇ ਖੁਦਮੁਖਤਾਰੀ ਦਾ ਅਨੰਦ ਮਾਣ ਸਕਣ। ਇਸ ਸਮਝ ਆਉਣ ਵਾਲੀ ਗੱਲ ਹੈ ਕਿਉਂਕਿ ਆਪਣੇ ਕਾਰੋਬਾਰ ਦੀ ਮਾਲਕੀ ਤੁਹਾਨੂੰ ਆਜ਼ਾਦੀ ਦਾ ਅਨੁਭਵ ਕਰਨ ਦਾ ਮੌਕਾ ਪੇਸ਼ ਕਰ ਸਕਦੀ ਹੈ:

- ਆਪਣੇ ਵਿਚਾਰਾਂ ਨੂੰ ਵਰਤਣ ਦੀ ਅਜ਼ਾਦੀ;
- ਆਪਣਾ ਮਾਲਕ ਖੁਦ ਹੋਣ ਦੀ ਅਜ਼ਾਦੀ;
- ਕੰਮ ਤੋਂ ਨਾ ਕੱਢੇ ਜਾਣ ਦੀ ਅਜ਼ਾਦੀ; ਅਤੇ
- ਉਨੇ ਪੈਸੇ ਕਮਾਉਣ ਦੀ ਅਜ਼ਾਦੀ, ਜਿੰਨੇ ਪੈਸੇ ਤੁਸੀਂ ਕਮਾਉਣਾ ਚਾਹੋ।

ਛੋਟੇ ਕਾਰੋਬਾਰ ਦੀ ਮਾਲਕੀ ਦੀ ਅਸਲੀਅਤ ਇਸ ਤੋਂ ਕਾਫੀ ਵੱਖਰੀ ਹੋ ਸਕਦੀ ਹੈ। ਛੋਟੇ ਕਾਰੋਬਾਰਾਂ ਵਾਲੇ ਬਹੁਤੇ ਵਿਅਕਤੀ ਤੁਹਾਨੂੰ ਦਸਣਗੇ ਕਿ ਹੁਣ ਉਹ ਉਸ ਸਮੇਂ ਨਾਲੋਂ ਜ਼ਿਆਦਾ ਘੰਟੇ ਕੰਮ ਕਰਦੇ ਹਨ, ਜਦੋਂ ਉਹ ਕਿਸੇ ਦੂਸਰੇ ਲਈ ਕੰਮ ਕਰਦੇ ਸਨ। ਇਹਨਾਂ ਵਿਚੋਂ ਬਹੁਤੇ ਘੰਟੇ ਦੂਸਰਿਆਂ ਦੀਆਂ ਮੰਗਾਂ ਦਾ ਨਤੀਜਾ ਹਨ।

ਛੋਟੇ ਕਾਰੋਬਾਰ ਦੀ ਮਾਲਕੀ ਨਾਲ ਸੰਬੰਧਤ ਜ਼ਿਆਦਾ ਸ਼ਕਤੀ ਅਤੇ ਸਮਾਂ ਮੰਗਣ ਵਾਲੇ ਕੁਝ ਪੱਖ ਇਹ ਹੋ ਸਕਦੇ ਹਨ:

- ਸੂਬਾਈ ਅਤੇ ਫੈਡਰਲ ਸਰਕਾਰਾਂ ਵਲੋਂ ਲਾਗੂ ਕੀਤੇ ਗਏ ਕਾਨੂੰਨ। ਕੁਝ ਹੋਰ ਕਾਨੂੰਨ ਜਿਹਨਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ, ਇਸ ਪ੍ਰਕਾਰ ਹਨ: ਫੈਡਰਲ ਅਤੇ ਸੂਬਾਈ ਲਾਇਸੰਸਾਂ ਬਾਰੇ ਕਾਨੂੰਨ; ਸਿਹਤ ਅਤੇ ਸੁਰੱਖਿਆ ਬਾਰੇ ਸਥਾਨਕ ਕਾਨੂੰਨ; ਵਾਤਾਵਰਣ ਦੇ ਬਚਾਅ ਲਈ ਨਿਯਮ; ਕਰਮਚਾਰੀਆਂ ਦੀਆਂ ਕਟੌਤੀਆਂ ਅਤੇ ਮਜ਼ਦੂਰੀ ਦੇ ਮਾਪਾਂ (ਲੇਬਰ ਸਟੈਂਡਰਡਜ਼) ਨਾਲ ਸੰਬੰਧਤ ਕਾਨੂੰਨ।
- ਗਾਹਕ; ਤੁਹਾਡੇ ਲਈ ਆਪਣੇ ਗਾਹਕਾਂ ਦੀ ਤਸੱਲੀ ਕਰਨੀ ਜ਼ਰੂਰੀ ਹੈ, ਕਿਉਂਕਿ ਅਖੀਰ ਵਿੱਚ ਇਹ ਲੋਕ ਫੈਸਲਾ ਕਰਨਗੇ ਕਿ ਕੀ ਤੁਹਾਡੇ ਕਾਰੋਬਾਰ ਨੇ ਕਾਮਯਾਬ ਹੋਣਾ ਹੈ ਜਾਂ ਨਹੀਂ। ਤੁਸੀਂ ਤਾਂ ਹੀ ਕਾਮਯਾਬ ਹੋਵੋਗੇ ਜੇ ਤੁਸੀਂ ਉਹਨਾਂ ਨੂੰ ਉਹ ਵਸਤਾਂ ਅਤੇ/ਜਾਂ ਸੇਵਾਵਾਂ ਪ੍ਰਦਾਨ ਕਰ ਸਕੋ ਜਿਹਨਾਂ ਨੂੰ ਉਹ ਏਨਾ ਚਾਹੁੰਦੇ ਹਨ ਜਾਂ ਜਿਹਨਾਂ ਦੀ ਉਹਨਾਂ ਨੂੰ ਏਨੀ ਲੋੜ ਹੈ ਕਿ ਉਹ ਉਹਨਾਂ ਲਈ ਪੈਸੇ ਖਰਚਣ ਲਈ ਤਿਆਰ ਹਨ।
- ਵਿੱਤੀ ਸਰੋਕਾਰਾਂ ਵਿੱਚ ਉਹ ਲੋਕ ਸ਼ਾਮਲ ਹਨ, ਜਿਹਨਾਂ ਨੇ ਤੁਹਾਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਪੈਸੇ ਦਿੱਤੇ ਹਨ। ਉਹ ਤੁਹਾਡੇ ਰਿਸ਼ਤੇਦਾਰ, ਦੋਸਤ, ਬੈਂਕਰ ਆਦਿ ਹੋ ਸਕਦੇ ਹਨ। ਉਹ ਕੋਈ ਵੀ ਹੋਣ, ਉਹਨਾਂ ਦੀ ਇਸ ਗੱਲ ਵਿੱਚ ਵੱਡੀ ਦਿਲਚਸਪੀ ਹੋਵੇਗੀ ਕਿ ਤੁਸੀਂ ਆਪਣਾ ਕਾਰੋਬਾਰ ਕਿੰਨੀ ਚੰਗੀ ਤਰ੍ਹਾਂ ਚਲਾਉਂਦੇ ਹੋ।
- ਏਥੋਂ ਤੱਕ ਕਿ ਤੁਹਾਡੇ ਮੁਕਾਬਲੇ ਦੇ ਕਾਰੋਬਾਰ ਤੁਹਾਡੇ ਲਈ ਹੋਰ ਮਹੱਤਵਪੂਰਨ ਹੋ ਜਾਣਗੇ ਕਿਉਂਕਿ ਉਹਨਾਂ ਦੀਆਂ ਨੀਤੀਆਂ ਅਤੇ ਮੁਕਾਬਲਾ ਕਾਰੋਬਾਰ ਚਲਾਉਣ ਦੇ ਤੁਹਾਡੇ ਢੰਗ, ਕੰਮ ਕਰਨ ਦੇ ਤੁਹਾਡੇ ਘੰਟਿਆਂ, ਕੀਮਤਾਂ, ਫਾਇਦਿਆਂ ਅਤੇ ਹੋਰ ਗੱਲਾਂ ਉੱਪਰ ਅਸਰ ਕਰਨਗੇ।
- ਸੱਭ ਤੋਂ ਵੱਡੀ ਗੱਲ ਕਾਰੋਬਾਰ ਦੇ ਫੈਸਲਿਆਂ ਵਿੱਚ ਕੀਤੀਆਂ ਗਲਤੀਆਂ ਦੀ ਪੂਰੀ ਜ਼ਿੰਮੇਵਾਰੀ ਤੁਹਾਡੇ ਇਕੱਲਿਆਂ ਦੀ ਹੋਵੇਗੀ। ਇਕ ਗਲਤ ਫੈਸਲਾ ਸਿਰਫ ਤੁਹਾਡੇ ਇਕੱਲਿਆਂ ਦਾ ਨੁਕਸਾਨ ਨਹੀਂ ਕਰੇਗਾ, ਸਗੋਂ ਤੁਹਾਡੇ ਕਰਮਚਾਰੀਆਂ, ਤੁਹਾਨੂੰ ਕਰਜ਼ਾ ਦੇਣ ਵਾਲਿਆਂ ਅਤੇ ਗ੍ਰਾਹਕਾਂ ਦਾ ਵੀ ਨੁਕਸਾਨ ਕਰੇਗਾ।

ਸਭ ਗੱਲ ਪੈਸੇ ਦੀ ਹੈ, ਆਖਿਰ ਨੂੰ ਉਹ ਹੇਠਲੀ ਹੱਦ ਹੈ। ਤੁਹਾਡੀ ਕਾਮਯਾਬੀ ਇਕ ਮਾਲਕ ਵਜੋਂ ਇਹ ਯਕੀਨੀ ਬਣਾਉਣ ਉੱਪਰ ਨਿਰਭਰ ਹੈ ਕਿ ਤੁਹਾਡਾ ਕਾਰੋਬਾਰ ਆਪਣੇ ਖਰਚਿਆਂ ਤੋਂ ਵੱਧ ਪੈਸੇ ਬਣਾਏ।

## "ਤੁਸੀਂ" ਕਾਮਯਾਬ ਕਿਉਂ ਹੋਵੋਗੇ?

ਹੋ ਸਕਦਾ ਹੈ, ਹੁਣ ਛੋਟਾ ਕਾਰੋਬਾਰ ਚਲਾਉਣ ਦਾ ਵਿਚਾਰ ਏਨਾ ਖਿੱਚ-ਪਾਊ ਨਾ ਜਾਪੇ। ਨਿਰਉਤਸ਼ਾਹਿਤ ਨਾ ਹੋਵੋ। ਆਪਣਾ ਕਾਰੋਬਾਰ ਚਲਾਉਣਾ ਤੁਹਾਡੇ ਲਈ ਸਵੈ-ਤਸੱਲੀ ਅਤੇ ਸਵੈਮਾਣ ਦਾ ਇਕ ਵੱਡਾ ਸ੍ਰੋਤ ਹੋ ਸਕਦਾ ਹੈ।

ਛੋਟੇ ਕਾਰੋਬਾਰਾਂ ਦੇ ਬਹੁਤੇ ਮਾਹਰ ਛੋਟੇ ਕਾਰੋਬਾਰਾਂ ਦੇ ਸੰਭਾਵੀ ਮਾਲਕਾਂ ਨੂੰ ਧਿਆਨ ਨਾਲ ਅਤੇ ਪੂਰੀ ਤਰ੍ਹਾਂ ਆਪਣੀ ਕਾਮਯਾਬੀ ਦੀ ਸੰਭਾਵਨਾ ਅਤੇ ਆਪਣੇ ਗੁਣਾਂ ਅਤੇ ਕਮਜ਼ੋਰੀਆਂ ਦਾ ਵਿਸ਼ਲੇਸ਼ਣ ਕਰਨ ਦੀ ਬੇਨਤੀ ਕਰਦੇ ਹਨ। ਆਮ ਤੌਰ ਉੱਪਰ ਤੁਸੀਂ ਭਵਿੱਖ ਦੇ ਇਕ ਕਾਰੋਬਾਰੀ ਵਿਅਕਤੀ ਦੇ ਤੌਰ ਉੱਤੇ ਆਪਣਾ ਵਿਸ਼ਲੇਸ਼ਣ ਸ਼ੁਰੂ ਕਰਨ ਤੋਂ ਸ਼ੁਰੂ ਕਰੋਗੇ। ਤੁਸੀਂ ਕਿਸ ਤਰ੍ਹਾਂ ਦੇ ਵਿਅਕਤੀ ਹੋ? ਤੁਹਾਡੇ ਕੋਲ ਕਿਸ ਤਰ੍ਹਾਂ ਦਾ ਤਕਨੀਕੀ ਜਾਂ ਖਾਸ ਗਿਆਨ ਹੈ?

ਕਾਮਯਾਬੀ ਲਈ ਸਵੈ-ਵਿਸ਼ਵਾਸ ਅਤੇ ਉੱਦਮ, ਨਵੀਂ ਸੋਚ, ਨਿਸ਼ਾਨਿਆਂ ਦੀ ਜਾਣਕਾਰੀ ਅਤੇ ਕਾਰੋਬਾਰੀ ਅਤੇ ਤਕਨੀਕੀ ਗਿਆਨ ਦੀ ਲੋੜ ਹੈ। ਇਹਨਾਂ ਗੁਣਾਂ ਦਾ ਅਸਲੀਅਤ ਨਾਲ ਵਾਸਤਾ ਹੋਣਾ ਚਾਹੀਦਾ ਹੈ। ਆਪਣੀਆਂ ਯੋਗਤਾਵਾਂ ਦੀ ਸੀਮਾ ਜਾਣਨਾ ਅਤੇ ਕਿਸੇ ਹੋਰ ਤੋਂ ਮਦਦ ਮੰਗਣ ਤੋਂ ਨਾ ਡਰਨਾ ਬਹੁਤ ਜ਼ਰੂਰੀ ਹੈ।

ਕਾਮਯਾਬ ਕਾਰੋਬਾਰੀ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਉਹ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ। ਨਿਸ਼ਾਨੇ ਮਿੱਥ ਕੇ, ਨਿੱਕੀ ਨਿੱਕੀ ਗੱਲ ਵਲ ਧਿਆਨ ਦੇ ਕੇ ਅਤੇ ਆਪਣੇ ਦੁਆਲੇ ਦੇ ਲੋਕਾਂ ਨੂੰ ਪ੍ਰੇਰਣਾ ਦੇ ਕੇ ਉਹ ਨਿਸ਼ਚਿਤ ਕਰਦੇ ਹਨ ਕਿ ਉਹ ਕਿੱਥੇ ਜਾ ਰਹੇ ਹਨ। ਆਪਣੇ ਦੁਆਲੇ ਦੇ ਕਾਮਯਾਬ ਲੋਕਾਂ ਨੂੰ ਸਮਝਣਾ ਅਤੇ ਉਹਨਾਂ ਦੇ ਕਦਮ ਚਿੰਨਾਂ ਉੱਪਰ ਚੱਲਣਾ ਸਿਆਣੀ ਗੱਲ ਹੈ।

## ਕਿਸ ਤਰ੍ਹਾਂ ਦਾ ਕਾਰੋਬਾਰ

ਤੁਹਾਡੇ ਵਲੋਂ ਖੋਲ੍ਹਿਆ ਜਾਣ ਵਾਲਾ ਕਾਰੋਬਾਰ ਤੁਹਾਡੇ ਤਜਰਬੇ, ਦਿਲਚਸਪੀ ਅਤੇ/ਜਾਂ ਤਕਨੀਕੀ ਗਿਆਨ ਨਾਲ ਮੇਲ ਖਾਂਦਾ ਹੋਵੇ। ਕਿਸੇ ਦਿਨ ਆਪਣਾ ਮਾਲਕ ਖੁਦ ਬਣਨ ਦਾ ਸੁਫਨਾ ਲੈਣਾ ਤੁਹਾਡੇ ਲਈ ਠੀਕ ਹੈ; ਪਰ ਆਪਣੇ ਕਾਰੋਬਾਰ ਵਿੱਚ ਬਹੁਤ ਸਾਰਾ ਸਮਾਂ ਲਾ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਜਿਹੜਾ ਖੇਤਰ ਤੁਸੀਂ ਚੁਣਿਆ ਹੈ ਉਹ ਤੁਹਾਡੇ ਲਈ ਸਹੀ ਹੈ।

ਕਿਸ ਤਰ੍ਹਾਂ ਦਾ ਕਾਰੋਬਾਰ ਖੋਲ੍ਹਿਆ ਜਾਵੇ, ਇਹ ਫੈਸਲਾ ਕਰਨ ਸਮੇਂ ਹੋ ਸਕਦਾ ਹੈ ਤੁਸੀਂ ਇਸ ਗੱਲ ਉੱਪਰ ਗੌਰ ਕਰਨਾ ਚਾਹੋ ਕਿ ਤੁਹਾਡੇ ਸ਼ੁਗਲ ਅਤੇ/ਜਾਂ ਦਿਲਚਸਪੀਆਂ ਕੀ ਹਨ ਅਤੇ ਤੁਹਾਡਾ ਤਜਰਬਾ ਅਤੇ ਪਿਛੋਕੜ ਕੀ ਹੈ। ਜੇ ਤੁਹਾਡੀ ਉਸ ਖੇਤਰ ਵਿੱਚ ਦਿਲਚਸਪੀ ਹੈ, ਜਿਸ ਬਾਰੇ ਤੁਹਾਨੂੰ ਘੱਟ ਤਜਰਬਾ ਹੈ, ਤਾਂ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਕੁਝ ਟ੍ਰੇਨਿੰਗ ਲੈਣੀ ਚਾਹ ਸਕਦੇ ਹੋ। ਆਪਣੀ ਦਿਲਚਸਪੀ ਵਾਲੇ ਖੇਤਰ ਵਿੱਚ ਨੌਕਰੀ ਲੱਭਣਾ ਜਾਂ ਉਸ ਖੇਤਰ ਵਿੱਚ ਕਿਸੇ ਤਜਰਬੇਕਾਰ ਸਲਾਹਕਾਰ ਨੂੰ ਲੱਭਣਾ ਲੋੜੀਂਦੇ ਗਿਆਨ ਅਤੇ ਤਜਰਬੇ ਨੂੰ ਹਾਸਲ ਕਰਨ ਦੇ ਦੋ ਢੰਗ ਹੋ ਸਕਦੇ ਹਨ।

ਹੇਠ ਲਿਖੀਆਂ ਗੱਲਾਂ ਵੀ ਉੱਪਰ ਦੱਸੀਆਂ ਗੱਲਾਂ ਜਿੰਨੀਆਂ ਹੀ ਮਹੱਤਵਪੂਰਨ ਹਨ:

1. ਜਿਹੜੀਆਂ ਵਸਤਾਂ ਅਤੇ/ਜਾਂ ਸੇਵਾਵਾਂ ਤੁਸੀਂ ਵੇਚਣੀਆਂ ਹਨ, ਕੀ ਉਹਨਾਂ ਲਈ ਲੋੜ ਹੈ?
2. ਕੀ ਤੁਸੀਂ ਇਹ ਲੋੜ ਪੂਰੀ ਕਰਨ ਦੇ ਯੋਗ ਹੋ?
3. ਕੀ ਤੁਹਾਡੀਆਂ ਵਸਤਾਂ ਲਈ ਭਵਿੱਖ ਵਿੱਚ ਮਾਰਕੀਟ ਹੋਵੇਗੀ?

ਕਿਸੇ ਵੀ ਕਾਰੋਬਾਰ ਦੇ ਕਾਮਯਾਬ ਹੋਣ ਅਤੇ ਕਾਮਯਾਬ ਰਹਿਣ ਉੱਪਰ ਫੈਸ਼ਨ, ਤਕਨੌਲੋਜੀ ਅਤੇ ਨਵੀਆਂ ਕਾਢਾਂ ਸਾਰੇ ਹੀ ਅਸਰ ਪਾਉਂਦੇ ਹਨ।

## ਕਾਮਯਾਬ ਹੋਣ ਦੀਆਂ ਸੰਭਾਵਨਾਵਾਂ

ਆਪਣਾ ਕਾਰੋਬਾਰ ਸ਼ੁਰੂ ਕਰਨਾ ਖਤਰੇ ਵਾਲੀ ਗੱਲ ਹੈ। ਸ਼ੁਰੂ ਹੋਣ ਵਾਲੀਆਂ ਕੰਪਨੀਆਂ ਵਿੱਚੋਂ ਇਕ ਤਿਹਾਈ ਸਾਲ ਦੇ ਅੰਦਰ ਅੰਦਰ ਫੇਲ੍ਹ ਹੋ ਜਾਂਦੀਆਂ ਹਨ ਅਤੇ 80 ਫੀਸਦੀ ਤਿੰਨ ਤੋਂ 5 ਸਾਲਾਂ ਵਿਚਕਾਰ ਫੇਲ੍ਹ ਹੋ ਜਾਣਗੀਆਂ, ਪਰ ਪੰਜ ਸਾਲਾਂ ਬਾਅਦ ਕਾਰੋਬਾਰਾਂ ਦੇ ਬੰਦ ਹੋਣ ਦੀ ਦਰ ਬਹੁਤ ਘੱਟ ਜਾਂਦੀ ਹੈ।

ਪ੍ਰਬੰਧਕੀ ਤਜਰਬੇ ਦੀ ਘਾਟ ਤਕਰੀਬਨ ਸਾਰੇ ਛੋਟੇ ਕਾਰੋਬਾਰਾਂ ਦੇ ਫੇਲ੍ਹ ਹੋਣ ਦਾ ਕਾਰਨ ਹੈ। ਇਸ ਦਾ ਭਾਵ ਇਹ ਨਹੀਂ ਕਿ ਛੋਟੇ ਕਾਰੋਬਾਰਾਂ ਦੇ ਸਾਰੇ ਮੈਨੇਜਰਾਂ ਕੋਲ ਪ੍ਰਬੰਧਕੀ ਹੁਨਰਾਂ ਦੀ ਘਾਟ ਹੁੰਦੀ ਹੈ। ਇਸ ਦਾ ਜ਼ਿਆਦਾ ਸਹੀ ਸੰਬੰਧ ਵਿਅਕਤੀ ਦੀ "ਅਣਕਿਆਸੀਆਂ" ਗੱਲਾਂ ਨਾਲ ਨਜਿੱਠਣ ਦੀ ਯੋਗਤਾ ਨਾਲ ਹੈ, ਜਿਹੜੀਆਂ ਗੱਲਾਂ ਵਾਪਰਨਾ ਸੁਭਾਵਕ ਹੈ।

ਨਵੀਂ ਸੋਚ ਦੇ ਨਾਲ ਨਾਲ ਖਾਹਿਸ਼ ਅਤੇ ਸਾਬਤਕਦਮੀ ਕਾਮਯਾਬੀ ਦੀਆਂ ਸੰਭਾਵਨਾਵਾਂ ਵਿਚ ਵਾਧਾ ਕਰਦੀ ਹੈ। ਔਖੇ ਸਮਿਆਂ ਵਿੱਚ ਛੋਟਾ ਕਾਰੋਬਾਰ ਨਵੇਂ ਵਿਚਾਰ ਅਤੇ ਆਪਣੀਆਂ ਵਸਤਾਂ ਨੂੰ ਵੇਚਣ ਦੇ ਚੰਗੇਰੇ ਢੰਗ ਅਪਣਾ ਕੇ ਸੇਧ ਬਦਲ ਸਕਦਾ ਹੈ ਅਤੇ ਗੁਜ਼ਾਰੇਯੋਗ ਆਮਦਨ ਕਮਾ ਸਕਦਾ ਹੈ।

## ਸ਼ੁਰੂਆਤ ਕਰਨ ਲਈ ਪੈਸੇ

ਤੁਹਾਡੇ ਵਲੋਂ ਇਹ ਫੈਸਲਾ ਕਰਨ ਬਾਅਦ ਕਿ ਤੁਸੀਂ ਕਾਰੋਬਾਰ ਕਰਨਾ ਚਾਹੁੰਦੇ ਹੋ, ਤੁਹਾਡਾ ਪੈਸੇ ਦੀ ਸਮੱਸਿਆ ਨਾਲ ਸਾਹਮਣਾ ਹੁੰਦਾ ਹੈ। ਤੁਹਾਡਾ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਕਿੰਨੇ ਪੈਸਿਆਂ ਦੀ ਲੋੜ ਪਵੇਗੀ? ਕਾਰੋਬਾਰ ਨੂੰ ਚਲਾਉਣ ਲਈ ਕਿੰਨੇ ਸਰਮਾਏ (ਉਪਰੇਟਿੰਗ ਕੈਪੀਟਲ) ਦੀ ਲੋੜ ਪਵੇਗੀ?

ਕਾਰੋਬਾਰ ਦੀ ਵਿਉਂਤ ਕਰਨ ਲਈ ਸੇਧਾਂ ਮਿਲਦੀਆਂ ਹਨ ਜਿਹੜੀਆਂ ਕਾਰੋਬਾਰ ਸ਼ੁਰੂ ਕਰਨ ਅਤੇ ਕਾਰੋਬਾਰ ਚਲਾਉਣ ਲਈ ਲੋੜੀਂਦੇ ਸਰਮਾਏ ਬਾਰੇ ਕਾਫੀ ਸਹੀ ਅੰਦਾਜ਼ਾ ਲਾਉਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਕਾਰੋਬਾਰ ਦੀ ਯੋਜਨਾ ਕਰਜ਼ਾ ਦੇਣ ਵਾਲਿਆਂ, ਇਨਵੈਸਟਰਾਂ ਅਤੇ ਸਪਲਾਈ ਕਰਨ ਵਾਲਿਆਂ ਨੂੰ ਤੁਹਾਡੇ ਸੁਝਾਏ ਉੱਦਮ ਬਾਰੇ ਇਹ ਜਾਣਕਾਰੀ ਦੇਵੇਗੀ ਕਿ ਪੈਸੇ ਦੀ ਵਰਤੋਂ ਕਰਨ ਬਾਰੇ ਤੁਹਾਡੀ ਕੀ ਯੋਜਨਾ ਹੈ ਅਤੇ ਤੁਹਾਡੇ ਪ੍ਰੋਜੈਕਟ ਬਾਰੇ ਭਰੋਸੇ ਦਾ ਆਧਾਰ ਸਥਾਪਤ ਕਰੇਗੀ।

ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਸਥਾਨਕ ਬੈਂਕ ਨਾਲ ਚੰਗੀ ਜਾਣ ਪਛਾਣ ਬਣਾਉ ਕਿਉਂਕਿ ਸ਼ਾਇਦ ਉਹ ਤੁਹਾਡੇ ਲਈ ਸਰਮਾਏ ਦਾ ਮੁੱਖ ਬਾਹਰੀ ਸ੍ਰੋਤ ਹੋਵੇ।

ਆਪਣਾ ਨਵਾਂ ਕਾਰੋਬਾਰ ਸਥਾਪਤ ਕਰਨ ਬਾਰੇ ਸੋਚਦੇ ਵਕਤ ਉੱਪਰ ਦੱਸੀ ਸਾਰੀ ਜਾਣਕਾਰੀ ਤੁਹਾਡੇ ਲਈ ਮਦਦਗਾਰ ਹੋਣੀ ਚਾਹੀਦੀ ਹੈ। ਯਾਦ ਰੱਖੋ ਕਿ ਆਪਣੇ ਕਾਰੋਬਾਰ ਦੇ ਖੇਤਰ ਵਿੱਚ ਹੋਰ ਗਿਆਨ ਪ੍ਰਾਪਤ ਕਰਨਾ ਕਦੇ ਵੀ ਨੁਕਸਾਨ ਨਹੀਂ ਪਹੁੰਚਾਉਂਦਾ। ਇਸ ਕਾਰਨ ਬਹੁਤ ਘੱਟ ਕਾਰੋਬਾਰ ਫੇਲ੍ਹ ਹੋਏ ਹਨ ਕਿਉਂਕਿ ਮਾਲਕ ਨੂੰ ਆਪਣੇ ਕਾਰੋਬਾਰ ਬਾਰੇ ਬਹੁਤ ਜ਼ਿਆਦਾ ਗਿਆਨ ਸੀ।

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜ਼ਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜ਼ਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ \ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।